media release

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਸਿਟੀ ਕਾਉਂਸਿਲ ਨੇ ਹੈਲਥ ਕੇਅਰ ਐਮਰਜੈਂਸੀ ਘੋਸ਼ਿਤ ਕੀਤੀ

ਬ੍ਰੈਂਪਟਨ, ਓਨਟੈਰੀਓ (22 ਜਨਵਰੀ, 2020) – ਅੱਜ ਕਾਉਂਸਿਲ ਵਿੱਚ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ ਸਰਬਸੰਮਤੀ ਨਾਲ ਬ੍ਰੈਂਪਟਨ ਵਿੱਚ ਹੈਲਥ ਕੇਅਰ ਐਮਰਜੈਂਸੀ (Health Care Emergency) ਘੋਸ਼ਿਤ ਕਰਨ ਦਾ ਪ੍ਰਸਤਾਵ ਪਾਸ ਕੀਤਾ।

ਇਹ ਪ੍ਰਸਤਾਵ, ਸਿਟੀ ਕਾਉਂਸਲਰ ਹਰਕੀਰਤ ਸਿੰਘ (Harkirat Singh) ਵੱਲੋਂ ਪੇਸ਼ ਕੀਤਾ ਗਿਆ ਸੀ ਅਤੇ ਮੇਅਰ ਪੈਟਰਿਕ ਬ੍ਰਾਊਨ ਅਤੇ ਸਾਰੇ ਕਾਉਂਸਲਰਾਂ ਨੇ ਇਸਦਾ ਸਮਰਥਨ ਕੀਤਾ ਸੀ। ਪ੍ਰਸਤਾਵ ਵਿੱਚ ਇਹਨਾਂ ਗੱਲਾਂ ਤੇ ਮਤਾ ਪਾਸ ਕੀਤਾ ਗਿਆ ਸੀ:

- ਸਿਟੀ ਆਫ ਬ੍ਰੈਂਪਟਨ ਲਈ ਹੈਲਥ ਕੇਅਰ ਐਮਰਜੈਂਸੀ ਘੋਸ਼ਿਤ ਕੀਤੀ ਜਾਵੇ; ਅਤੇ
- ਇਹ ਯਕੀਨੀ ਬਣਾਉਣ ਲਈ ਕਿ ਉਹ ਤੁਰੰਤ ਸੁਰੱਖਿਅਤ ਅਤੇ ਵਧੀਆ ਕਿਸਮ ਦੀ ਰੋਗੀ ਦੇਖਭਾਲ ਮੁਹੱਈਆ ਕਰਨ ਲਈ ਪੂਰੇ ਸਟਾਫ਼ ਅਤੇ ਵਸੀਲਿਆਂ ਦੇ ਨਾਲ ਕੰਮ ਕਰ ਰਹੇ ਹਨ, ਬ੍ਰੈਂਪਟਨ ਸਿਵਿਕ ਹਸਪਤਾਲ (Brampton Civic Hospital) ਅਤੇ ਪੀਲ ਮੈਮੋਰੀਅਲ ਸੈਂਟਰ (Peel Memorial Centre) ਨੂੰ ਲਾਜ਼ਮੀ ਸਭ ਤੋਂ ਪ੍ਰਭਾਵੀ ਸਿਹਤ ਦੇਖਭਾਲ ਸਬੰਧੀ ਫੰਡਿੰਗ ਗ੍ਰਾਂਟ ਕਰਨ ਵਾਸਤੇ, ਸੀ.ਏ.ਓ. (CAO) ਅਤੇ ਸਿਟੀ ਦੇ ਢੁੱਕਵੇਂ ਸਟਾਫ਼ ਨੂੰ ਵਿਲੀਅਮ ਓਸਲਰ ਹੈਲਥ ਸਿਸਟਮ (ਡਬਲਯੂ.ਓ.ਐਚ.ਐਸ.) (William Osler Health System) (WOHS), ਓਨਟੈਰੀਓ ਸੂਬੇ ਅਤੇ ਕੈਨੇਡਾ ਸਰਕਾਰ ਦੇ ਨਾਲ ਮਿਲ ਕੇ ਕੰਮ ਕਰਨ ਦੀ ਬੇਨਤੀ ਕੀਤੀ ਜਾਵੇ; ਅਤੇ
- ਸੀ.ਏ.ਓ. ਅਤੇ ਸਿਟੀ ਦੇ ਢੁੱਕਵੇਂ ਸਟਾਫ਼ ਨੂੰ ਵਿਲੀਅਮ ਓਸਲਰ ਹੈਲਥ ਸਿਸਟਮ (ਡਬਲਯੂ.ਓ.ਐਚ.ਐਸ.), ਓਨਟੈਰੀਓ ਸੂਬੇ ਅਤੇ ਕੈਨੇਡਾ ਸਰਕਾਰ ਦੇ ਨਾਲ ਮਿਲ ਕੇ ਕੰਮ ਕਰਨ ਦੀ ਬੇਨਤੀ ਕੀਤੀ ਜਾਵੇ, ਤਾਂ ਜੋ ਐਮਰਜੈਂਸੀ ਡਿਪਾਰਟਮੈਂਟ ਯਕੀਨੀ ਤੌਰ ਤੇ ਪੂਰੀ ਤਰ੍ਹਾਂ ਸੰਚਾਲਿਤ ਹੋਵੇ ਅਤੇ ਇਹ ਯਕੀਨੀ ਬਣਾਉਣ ਲਈ ਕਿ ਹਸਪਤਾਲ ਦੇ ਬੈੱਡਾਂ ਦੀ ਸੰਖਿਆ, ਸੂਬਾਈ ਔਸਤਨ ਪ੍ਰਤੀ ਵਿਅਕਤੀ ਦੇ ਬਰਾਬਰ ਹੈ, ਵਾਧੂ ਹਸਪਤਾਲ ਬੈੱਡਾਂ ਦੇ ਨਾਲ ਢੁੱਕਵੀਆਂ ਭਰਤੀ ਰੋਗੀ ਸੇਵਾਵਾਂ ਨੂੰ ਯਕੀਨੀ ਬਣਾਇਆ ਜਾਵੇ। ਸੂਬਾਈ ਸਰਕਾਰ ਦੇ ਇਸ ਮੌਜੂਦਾ ਅਧਿਆਦੇਸ਼ ਨੂੰ ਪੂਰਾ ਕਰਨ ਲਈ, ਪੀਲ ਮੈਮੋਰੀਅਲ ਸੈਂਟਰ ਫਾਰ ਇੰਟੀਗ੍ਰੇਟਿਡ ਹੈਲਥ ਐਂਡ ਵੈਲਨੈਸ (Peel Memorial Centre for Integrated Health and Wellness) ਦੇ ਫੇਜ 2 ਦੇ ਵਿਕਾਸ ਵਿੱਚ ਪੀਲ ਮੈਮੋਰੀਅਲ ਸੈਂਟਰ ਵਿਖੇ ਵਾਧੂ 800 ਬੈੱਡਾਂ ਦੀ ਲੋੜ ਹੈ; ਅਤੇ
- ਇਸ ਮਤੇ ਦੀ ਇੱਕ ਨਕਲ ਮਿਨਿਸਟਰ ਆਫ ਹੈਲਥ (Minister of Health), ਸੂਬਾਈ ਪਾਰਲੀਆਮੈਂਟ ਦੇ ਬ੍ਰੈਂਪਟਨ ਦੇ ਸਾਰੇ ਮੈਂਬਰਾਂ, ਆਫਿਸ ਆਫ ਦਾ ਪ੍ਰੀਮੀਅਰ, ਵਿਰੋਧੀ ਪਾਰਟੀਆਂ ਦੇ ਸਾਰੇ ਸੂਬਾਈ ਪਾਰਲੀਆਮੈਂਟ ਲੀਡਰਾਂ, ਫੈਡਰਲ ਪਾਰਲੀਆਮੈਂਟ ਦੇ ਬ੍ਰੈਂਪਟਨ ਦੇ ਸਾਰੇ ਮੈਂਬਰਾਂ, ਵਿਲੀਅਮ ਓਸਲਰ ਹੈਲਥ ਸਿਸਟਮ ਦੇ ਪ੍ਰੈਜ਼ੀਡੈਂਟ ਅਤੇ ਸੀ.ਈ.ਓ. (CEO), ਬ੍ਰੈਂਪਟਨ/ਇਟੋਬੀਕੋ (Etobicoke) ਅਤੇ ਏਰੀਆ ਓਨਟੈਰੀਓ ਹੈਲਥ ਟੀਮ (Area Ontario Health Team) ਅਤੇ ਰੀਜਨ ਆਫ ਪੀਲ (Region of Peel) ਨੂੰ ਭੇਜੀ ਜਾਵੇ।

ਦਸੰਬਰ ਵਿੱਚ, ਕਾਉਂਸਿਲ ਨੇ ਮਤਾ ਪਾਸ ਕੀਤਾ, ਜਿਸ ਵਿੱਚ ਬ੍ਰੈਂਪਟਨ ਦੇ ਸਿਹਤ ਦੇਖਭਾਲ ਸਿਸਟਮ ਦੀਆਂ ਬੇਜੋੜ ਅਤੇ ਲਾਜ਼ਮੀ ਲੋੜਾਂ ਦੀ ਪਛਾਣ ਕੀਤੀ ਗਈ, ਇਹਨਾਂ ਵਿੱਚ ਸ਼ਾਮਲ ਹਨ ਵੱਡੇ ਫੰਡਿੰਗ ਅੰਤਰਾਲ, ਲੰਮਾ ਉਡੀਕ ਸਮਾਂ, ਅਤੇ ਹਾੱਲਵੇ ਵਿੱਚ ਰੋਗੀਆਂ ਦਾ ਇਲਾਜ ਕਰਨਾ। ਮਤੇ ਵਿੱਚ ਸਿਹਤ ਦੇਖਭਾਲ ਸਿਸਟਮ ਦੇ ਸਾਰੇ ਪ੍ਰਦਾਤਾਵਾਂ ਵੱਲੋਂ ਤੁਰੰਤ ਕਾਰਵਾਈ ਦੀ ਬੇਨਤੀ ਕੀਤੀ ਗਈ।

ਸਿਟੀ ਨੇ ਬ੍ਰੈਂਪਟਨ ਦੇ ਸਿਹਤ ਦੇਖਭਾਲ ਸਿਸਟਮ ਵਾਸਤੇ ਵੱਧ ਫੰਡਿੰਗ ਅਤੇ ਸਮਰਥਨ ਦੀ ਬੇਨਤੀ ਕਰਨ ਲਈ ਕਈ ਪਹਿਲਕਦਮੀਆਂ ਤੇ ਕੰਮ ਕੀਤਾ ਹੈ। ਇਹਨਾਂ ਵਿੱਚ ਸ਼ਾਮਲ ਹਨ, ਫੈਡਰੇਸ਼ਨ ਆਫ ਕੈਨੇਡਿਅਨ ਮਿਊਨਿਸਿਪਲਟੀਜ (Federation of Canadian Municipalities) ਅਤੇ ਐਸੋਸੀਏਸ਼ਨ ਆਫ ਮਿਊਨਿਸਿਪਲਟੀਜ ਆਫ ਓਨਟੈਰੀਓ (Association of Municipalities of Ontario) ਦੀਆਂ ਸਾਲਾਨਾ ਕਾਨਫਰੰਸਾਂ ਵਿੱਚ ਸੂਬਾਈ ਅਤੇ ਸੰਘੀ ਪ੍ਰਤੀਨਿਧੀਆਂ ਨੂੰ ਪੇਸ਼ ਕਰਨਾ, ਸਰਕਾਰ ਦੇ ਦੋਵੇਂ ਪੱਧਰਾਂ ਲਈ ਆਉਣ ਵਾਲੀ ਪੂਰਵ-ਬਜਟ ਪ੍ਰਸਤੁਤੀ ਰਾਹੀਂ ਸੂਬਾਈ ਅਤੇ ਸੰਘੀ ਸਰਕਾਰਾਂ ਦੀ ਹਿਮਾਇਤ

ਕਰਨਾ ਅਤੇ ਬ੍ਰੈਂਪਟਨ ਦੀਆਂ ਸਿਹਤ ਦੇਖਭਾਲ ਸਬੰਧੀ ਚਿੰਤਾਵਾਂ ਬਾਰੇ ਸੁਚੇਤਤਾ ਅਤੇ ਸਮਰਥਨ ਵਧਾਉਣ ਲਈ ਸਿਹਤ ਦੇਖਭਾਲ ਦੀ ਹਿਮਾਇਤੀ ਮੁਹਿੰਮ #FairDealForBrampton ਦਾ ਪ੍ਰਚਾਰ ਕਰਨਾ।

ਹੁਣ ਤੱਕ, #FairDealForBrampton ਮੁਹਿੰਮ (#FairDealForBrampton campaign) ਨੂੰ ਬ੍ਰੈਂਪਟਨ ਅਤੇ ਹੋਰ ਮਿਊਨਿਸਿਪਲਟੀਜ ਵਿਚਕਾਰ ਸਿਹਤ ਦੇਖਭਾਲ ਸਬੰਧੀ ਫੰਡਿੰਗ ਦੇ ਅੰਤਰਾਲ ਨੂੰ ਦੂਰ ਕਰਨ, ਪੀਲ ਮੈਮੋਰੀਅਲ ਸੈਂਟਰ ਵਿਖੇ ਸਹੂਲਤਾਂ ਅਤੇ ਸੇਵਾਵਾਂ ਦਾ ਵਿਸਤਾਰ ਕਰਨ ਲਈ ਸਹਿਯੋਗ ਅਤੇ ਬ੍ਰੈਂਪਟਨ ਵਿੱਚ ਤੀਜੀ ਸਿਹਤ ਦੇਖਭਾਲ ਫੈਸਿਲਿਟੀ ਵਾਸਤੇ ਫੰਡਿੰਗ ਮੁਹੱਈਆ ਕਰਨ ਲਈ ਸੂਬੇ ਦੀ ਇੱਕ ਪਟੀਸ਼ਨ ਤੇ 18,000 ਨਿਵਾਸੀਆਂ ਦੇ ਦਸਤਖ਼ਤ ਮਿਲੇ ਹਨ।

**ਹਵਾਲੇ**

"ਬ੍ਰੈਂਪਟਨ ਦੇ ਸਿਹਤ ਦੇਖਭਾਲ ਸਿਸਟਮ ਨੂੰ ਸੂਬਾਈ ਸਰਕਾਰ ਵੱਲੋਂ ਫੰਡਿੰਗ ਅਤੇ ਸਹਿਯੋਗ ਦੀ ਬਹੁਤ ਜ਼ਿਆਦਾ ਲੋੜ ਹੈ। ਬ੍ਰੈਂਪਟਨ ਸਿਟੀ ਕਾਉਂਸਿਲ ਦੇ ਵੱਲੋਂ, ਅਸੀਂ ਚੁੱਪਚਾਪ ਅਜਿਹਾ ਹੁੰਦੇ ਨਹੀਂ ਦੇਖਾਂਗੇ। ਅਸੀਂ ਬ੍ਰੈਂਪਟਨ ਵਿੱਚ ਅਧਿਕਾਰਤ ਤੌਰ ਤੇ ਹੈਲਥ ਕੇਅਰ ਐਮਰਜੈਂਸੀ ਘੋਸ਼ਿਤ ਕਰ ਦਿੱਤੀ ਹੈ। ਅਸੀਂ ਸਿਹਤ ਦੇਖਭਾਲ ਸਿਸਟਮ ਦੇ ਸਾਰੇ ਪ੍ਰਦਾਤਾਵਾਂ ਵੱਲੋਂ ਸਾਡੇ ਭਾਈਚਾਰੇ ਦੀਆਂ ਲਾਜ਼ਮੀ ਲੋੜਾਂ ਤੇ ਧਿਆਨ ਦੇਣ ਲਈ ਤੁਰੰਤ ਕਾਰਵਾਈ ਅਤੇ ਪ੍ਰਤੀਕਿਰਿਆ ਕਰਨ ਦੀ ਬੇਨਤੀ ਕਰ ਰਹੇ ਹਾਂ।"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

"ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਵੱਡੇ ਸ਼ਹਿਰ ਦੇ ਤੌਰ ਤੇ, ਬ੍ਰੈਂਪਟਨ ਨਿਰਪੱਖ ਅਤੇ ਢੁੱਕਵੀਂ ਸਿਹਤ ਦੇਖਭਾਲ ਦਾ ਹੱਕਦਾਰ ਹੈ। ਸਿਟੀ ਦੇ ਇੱਕੋ ਹਸਪਤਾਲ ਵਿੱਚ ਰੋਗੀ ਹਾੱਲਵੇ ਵਿੱਚ ਮਰ ਰਹੇ ਹਨ। ਹੁਣ ਸਮਾਂ ਆ ਗਿਆ ਹੈ ਅਸੀਂ ਸਾਰੇ ਸਿਹਤ ਦੇਖਭਾਲ ਨੂੰ ਲੈ ਕੇ ਇਨਸਾਫ ਦੀ ਮੰਗ ਕਰੀਏ। ਨਾਲ ਹੀ, ਬਹੁਤ ਜ਼ਿਆਦਾ ਭੀੜ ਵਾਲੇ ਅਤੇ ਘੱਟ ਫੰਡ ਵਾਲੇ ਹਾੱਲਵੇ ਵਿੱਚ ਲੋਕਾਂ ਦਾ ਇਲਾਜ ਕਰਨ ਦੀ ਪ੍ਰਕਿਰਿਆ ਤੇ ਰੋਕ ਲਗਾਉਣ ਦੀ ਮੰਗ ਕਰੀਏ। ਬ੍ਰੈਂਪਟਨ ਹੋਰ ਉਡੀਕ ਨਹੀਂ ਕਰ ਸਕਦਾ!"

- *ਰੋਏਨਾ ਸੈਨਟੋਸ (Rowena Santos), ਚੇਅਰ, ਕਮਿਊਨਿਟੀ ਸਰਵਿਸਿਜ*

"ਅੱਜ ਇਹ ਪ੍ਰਸਤਾਵ ਪੇਸ਼ ਕਰਨਾ ਬਹੁਤ ਜ਼ਰੂਰੀ ਸੀ। ਬ੍ਰੈਂਪਟਨ ਦੇ ਹਸਪਤਾਲ ਦੇ ਹਾੱਲਵੇ ਵਿੱਚ ਇਲਾਜ ਅਤੇ ਬਹੁਤ ਜ਼ਿਆਦਾ ਭੀੜ ਨੂੰ ਇਸ ਉਦਾਹਰਨ ਦੇ ਤੌਰ ਤੇ ਲਗਾਤਾਰ ਵਰਤਿਆ ਜਾਂਦਾ ਹੈ ਕਿ ਸਿਹਤ ਦੇਖਭਾਲ ਸਬੰਧੀ ਸੰਕਟ ਰਾਸ਼ਟਰੀ ਤੌਰ ਤੇ ਕਿਵੇਂ ਲੱਗਦਾ ਹੈ। ਬ੍ਰੈਂਪਟਨ ਆਪਣੇ ਉਚਿਤ ਹਿੱਸੇ ਦਾ ਹੱਕਦਾਰ ਹੈ। ਸਾਡੇ ਨਿਵਾਸੀ ਢੁੱਕਵੀਂ ਸਿਹਤ ਦੇਖਭਾਲ ਤੱਕ ਪਹੁੰਚ ਪ੍ਰਾਪਤ ਕਰਨ ਦੇ ਬੁਨਿਆਦੀ ਅਧਿਕਾਰ ਦੇ ਹੱਕਦਾਰ ਹਨ।"

- *ਹਰਕੀਰਤ ਸਿੰਘ (Harkirat Singh), ਸਿਟੀ ਕਾਉਂਸਲਰ, ਵਾਰਡਸ 9 ਅਤੇ 10*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

BRAMPTON
Flower City
brampton.ca

# media release


**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca